# ਮੁਹਾਵਰੇ

ਮੁਹਾਵਰੇ, ਸ਼ਬਦਾਂ ਦੇ ਉਸ ਇਕੱਠ ਨੂੰ ਆਖਿਆ ਜਾਂਦਾ ਹੈ, ਜਿਨ੍ਹਾਂ ਦੇ ਸ਼ਬਦੀ ਅਰਥ ਹੋਰ ਹੋਣ ਤੇ ਭਾਵ ਅਰਥ ਹੋਰ। ਮੁਹਾਵਰੇ ਕਿਸੇ ਬੋਲੀ ਦੀ ਸਮਰੱਥਾ ਹੁੰਦੇ ਹਨ ।

1. **ਉਸਤਾਦੀ ਕਰਨੀ–** (ਚਲਾਕੀ ਕਰਨੀ) ਸਾਨੂੰ ਕਦੇ ਵੀ ਸਾਊ ਲੋਕਾਂ ਨਾਲ਼ ਉਸਤਾਦੀ ਨਹੀਂ ਕਰਨੀ ਚਾਹੀਦੀ।
2. **ਉੱਲੂ ਬੋਲਣੇ–** (ਸੁੰਨਸਾਨ ਹੋਣਾ ਜਾਂ ਉਜਾੜ ਹੋਣਾ) ਵਿਦੇਸ਼ਾਂ ਵਿੱਚ ਗਏ ਲੋਕਾਂ ਦੇ ਘਰਾਂ ਵਿੱਚ ਉੱਲੂ ਬੋਲਦੇ ਹਨ।
3. **ਉੱਗਲਾਂ 'ਤੇ ਨਚਾਉਣਾ–** (ਕਿਸੇ ਨੂੰ ਵੱਸ ਵਿੱਚ ਰੱਖਣਾ ) ਸੁਲਤਾਨਾ ਸਭ ਨੂੰ ਆਪਣੀਆਂ ਉਂਗਲਾਂ ਤੇ ਨਚਾਉਣਾ ਜਾਣਦੀ ਹੈ।
4. **ਉੱਚਾ–ਨੀਵਾਂ ਬੋਲਣਾ–** (ਨਿਰਾਦਰ ਕਰਨਾ) ਸਿਆਣੇ ਬੱਚੇ ਆਪਣੇ ਤੋਂ ਵੱਡਿਆਂ ਸਾਹਮਣੇ ਕਦੇ ਵੀ ਉੱਚਾ-ਨੀਵਾਂ ਨਹੀਂ ਬੋਲਦੇ।
5. **ਉੱਲੂ ਸਿੱਧਾ ਕਰਨਾ–** (ਮਤਲਬ ਕੱਢਣਾ) ਸਵਾਰਥੀ ਲੋਕ ਆਪਣਾ ਉੱਲੂ ਸਿੱਧਾ ਕਰ ਕੇ ਤੁਰਦੇ ਬਣਦੇ ਹਨ ।
6. **ਉੱਘ–ਸੁੱਘ ਨਾ ਮਿਲਨਾ–** (ਪਤਾ ਨਾ ਲੱਗਣਾ) ਗਿਆਨ ਸਿੰਘ ਦੇ ਗੁਆਚੇ ਹੋਏ ਪੁੱਤਰ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਮਿਲੀ।
7. **ਉੱਨੀ–ਇੱਕੀ ਦਾ ਫ਼ਰਕ ਹੋਣਾ–** (ਬਹੁਤ ਥੋੜਾ ਫ਼ਰਕ) ਅੰਬਰ ਤੇ ਮਨੀ ਬੇਸ਼ੱਕ ਜੋੜੀਆਂ ਭੈਣਾਂ ਹਨ ਪਰ ਉਹਨਾਂ ਦੇ ਸੁਭਾਅ 'ਚ ਉੱਨੀ-ਇੱਕੀ ਦਾ ਫਰਕ ਤਾਂ ਹੈ ।
8. **ਉੱਸਲਵੱਟੇ ਭੰਨਣੇ–** (ਸੁਸਤੀ ਵਿੱਚ ਪਾਸੇ ਮਾਰਨਾ) ਰਾਜ਼ ਐਵੇਂ ਉੱਸਲਵੱਟੇ ਨਾ ਭੰਨੀ ਜਾ, ਛੇਤੀ ਕੰਮ ਕਰ।
9. **ਅਸਮਾਨ ਸਿਰ 'ਤੇ ਚੁੱਕਣਾ**- (ਬਹੁਤ ਰੌਲ਼ਾ ਪਾਉਣਾ) ਅਧਿਆਪਕ ਦੇ ਬਾਹਰ ਜਾਂਦਿਆਂ ਹੀ ਵਿਦਿਆਰਥੀਆਂ ਨੇ ਅਸਮਾਨ ਸਿਰ 'ਤੇ ਚੁੱਕ ਲਿਆ ।
10. **ਅੱਖਾਂ ਚੁਰਾਉਣਾ–** (ਸ਼ਰਮ ਮਹਿਸੂਸ ਕਰਨੀ) ਕੋਈ ਅਜਿਹਾ ਕੰਮ ਨਾ ਕਰੋ, ਜਿਸ ਕਰਕੇ ਆਪਣੇ ਆਪ ਤੋਂ ਹੀ ਅੱਖਾਂ ਚੁਰਾਉਣੀਆਂ ਪੈ ਜਾਣ।